# Phone call between Prime Minister ShriNarendraModi and His Highness Sheikh Tamim Bin Hamad Al-Thani, Amir of the State of Qatar

May 26, 2020

---

## ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਕਤਰ ਰਾਜ ਦੇ ਅਮੀਰ ਮਹਾਮਹਿਮ ਸ਼ੇਖ ਤਮੀਮ ਬਿਨ ਹਮਦ ਅਲ-ਥਾਨੀ ਵਿਚਕਾਰ ਫ਼ੋਨ ਤੇ ਗੱਲਬਾਤ

26 ਮਈ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਕਤਰ ਰਾਜ ਦੇ ਅਮੀਰ ਮਹਾਮਹਿਮ ਸ਼ੇਖ ਤਮੀਮ ਬਿਨ ਹਮਦ ਅਲ-ਥਾਨੀ ਨਾਲ ਫੋਨ 'ਤੇ ਗੱਲਬਾਤ ਕੀਤੀ ਅਤੇ ਕਤਰ ਦੇ ਦੋਸਤਾਨਾ ਲੋਕਾਂ ਨੂੰ ਈਦ-ਉਲ-ਫਿਤਰ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ।

ਪ੍ਰਧਾਨ ਮੰਤਰੀ ਨੇ COVID -19 ਮਹਾਂਮਾਰੀ ਦੇ ਦੌਰਾਨ ਕਤਰ ਅੰਦਰ ਰਹਿ ਰਹੇ ਭਾਰਤੀ ਨਾਗਰਿਕਾਂ ਦੀ ਖੈਰੀਅਤ  ਯਕੀਨੀ ਬਣਾਉਣ ਲਈ ਮਹਾਮਹਿਮ ਅਮੀਰ ਦਾ ਧੰਨਵਾਦ ਕੀਤਾ। ਇਸਦੇ ਪ੍ਰਤੀਕਰਮ ਵਜੋਂ ਮਹਾਮਹਿਮ ਅਮੀਰ ਨੇ ਕਤਰ ਵਿਚ ਭਾਰਤੀ ਭਾਈਚਾਰੇ ਦੁਆਰੇ ਦਿੱਤੇ ਗਏ ਯੋਗਦਾਨ, ਖਾਸ ਕਰਕੇ ਭਾਰਤੀ ਸਿਹਤ ਕਾਮਿਆਂ ਦੁਆਰਾ ਨਿਭਾਈ ਜਾ ਰਹੀ ਭੂਮਿਕਾ ਦੀ ਸ਼ਲਾਘਾ ਕੀਤੀ।

ਪ੍ਰਧਾਨ ਮੰਤਰੀ ਨੇ ਮੌਜੂਦਾ ਹਾਲਾਤ ਵਿਚ ਕਤਰ ਨੂੰ ਭਾਰਤ ਤੋਂ ਜ਼ਰੂਰੀ ਚੀਜ਼ਾਂ ਦੀ ਸਪਲਾਈ ਵਿਚ ਕਿਸੇ ਅੜਚਨ ਦੀ ਰੋਕਥਾਮ ਕਰਨ ਲਈ ਭਾਰਤੀ ਅਧਿਕਾਰੀਆਂ ਵੱਲੋਂ ਦਿੱਤੇ ਜਾ ਰਹੇ ਧਿਆਨ 'ਤੇ ਚਾਨਣਾ ਪਾਇਆ।

ਪ੍ਰਧਾਨ ਮੰਤਰੀ ਨੇ ਮਹਾਮਹਿਮ ਅਮੀਰ ਨੂੰ ਉਨ੍ਹਾਂ ਦੇ ਆਉਣ ਵਾਲੇ 40ਵੇਂ ਜਨਮਦਿਨ ਲਈ ਉਨ੍ਹਾਂ ਨੂੰ ਨਿੱਘੀ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਸਿਹਤ ਅਤੇ ਕਾਮਯਾਬੀ ਬਰਕ਼ਰਾਰ ਰਹਿਣ ਦੀਆਂ ਸ਼ੁੱਭਕਾਮਨਾਵਾਂ ਪ੍ਰਗਟ ਕੀਤੀਆਂ।

ਨਵੀਂ ਦਿੱਲੀ
26 ਮਈ, 2020

DISCLAIMER: This is an approximate translation. The original is available in English on MEA's website and may be referred to as the official press release.